## ਘਰ ਵਿਚ ਸੰਭਾਲ

ਆਪਣੇ ਆਮ ਰੋਜ਼ਾਨਾ ਕੰਮਕਾਰ ਅਤੇ ਆਮ ਡਾਇਆਲੇਸਿਸ ਟ੍ਰੀਟਮੈਂਟ ਸ਼ੁਰੂ ਕਰ ਦਿਉ।

ਡਾਇਆਲੇਸਿਸ ਦੀ ਨਾਲੀ ਦੇ ਲੱਗੇ ਹੋਣ ਵੇਲੇ ਕੋਈ ਭਾਰੀ ਸਰਗਰਮੀਆਂ ਨਾ ਕਰੋ ਜਿਵੇਂ ਕਿ ਕੋਈ ਭਾਰੀ ਚੀਜ਼ ਚੁੱਕਣਾ।

ਸਿਰਫ ਟੱਬ ਵਿਚ ਬੈਠ ਕੇ ਹੀ ਨਹਾਉ (ਸ਼ਾਵਰ ਨਹੀਂ)। ਤੁਸੀਂ ਆਪਣੇ ਛਾਤੀ ਦੇ ਵਿਚਕਾਰਲੇ ਹਿੱਸੇ ਜਾਂ ਨਿਪਲ ਲਾਈਨ ਤੱਕ ਗਿੱਲੇ ਹੋ ਸਕਦੇ ਹੋ।

ਬੈਂਡੇਜ ਨੂੰ ਸੁੱਕੀ ਅਤੇ ਸਾਫ ਰੱਖੋ।

ਬੈਂਡੇਜ ਲੱਗੀ ਰਹਿਣ ਦਿਉ ਜੇ ਤੁਹਾਨੂੰ ਇਹ ਨਹੀਂ ਕਿਹਾ ਗਿਆ ਕਿ ਤੁਸੀਂ ਇਸ ਨੂੰ ਲਾਹ ਸਕਦੇ ਹੋ।

ਜੇ ਲੋੜ ਪਵੇ ਤਾਂ ਦਰਦ ਲਈ ਆਮ ਅਸੀਟਾਮਿਨਾਫਿਨ (ਟਾਇਲਾਨੌਲ) ਲਉ।

## ਮਦਦ ਕਦੋਂ ਲੈਣੀ ਹੈ

**ਜੇ ਤੁਹਾਡੀ ਡਾਇਆਲੇਸਿਸ ਦੀ ਨਾਲੀ ਲਹਿ ਜਾਵੇ:**

- ਸਿੱਧੇ ਲੰਮੇ ਪਉ।
- ਉਸ ਥਾਂ ’ਤੇ ਦਬਾਅ ਪਾਉ।
- 9-1-1 ਨੂੰ ਫੋਨ ਕਰੋ।

ਜੇ ਤੁਹਾਨੂੰ ਇਹ ਹੋਵੇ ਤਾਂ **ਆਪਣੇ ਡਾਕਟਰ ਨੂੰ ਫੋਨ** ਕਰੋ:

- 38.5 ਡਿਗਰੀ ਸੈਂਟੀਗਰੇਡ (101 ਡਿਗਰੀ ਫਾਰਨਹਾਈਟ) ਤੋਂ ਉੱਪਰ ਬੁਖਾਰ, ਦਰਦਾਂ, ਪਾਲਾ ਲੱਗਣਾ
- ਡਾਇਆਲੇਸਿਸ ਦੀ ਨਾਲੀ ਵਾਲੀ ਥਾਂ ਤੋਂ ਬਲੀਡਿੰਗ ਹੋਣਾ ਜਿਹੜੀ ਬੰਦ ਨਹੀਂ ਹੋ ਰਹੀ
- ਡਾਇਆਲੇਸਿਸ ਦੀ ਨਾਲੀ ਵਾਲੀ ਥਾਂ ’ਤੇ ਜਾਂ ਇਸ ਦੇ ਦੁਆਲੇ ਦਰਦ ਜਾਂ ਲਾਲੀ

**ਨੇੜੇ ਦੇ ਐਮਰਜੰਸੀ ਡਿਪਾਰਟਮੈਂਟ ਨੂੰ ਜਾਉ** ਜੇ ਤੁਹਾਡੇ ਵਿਚ ਇਨ੍ਹਾਂ ਵਿੱਚੋਂ ਕੋਈ ਹੋਵੇ:

- ਅਚਾਨਕ ਸਾਹ ਚੜ੍ਹਣਾ ਸ਼ੁਰੂ ਹੋਣਾ
- ਛਾਤੀ ਵਿਚ ਦਰਦ

## ਸਥਾਨ

| | |
|---|---|
| **Abbotsford-Regional Hospital**<br>Medical Imaging 2nd Floor, Fraser Wing<br>32900 Marshall Road, Abbotsford | 604-851-4866 |
| **Burnaby Hospital**<br>Medical Imaging, 3rd Floor<br>3935 Kincaid Street, Burnaby | 604-434-4211 |
| **Lions Gate Hospital**<br>Medical Imaging, Lower Level<br>231 East 15th Street, North Vancouver | 604-984-5775 |
| **Richmond Hospital**<br>Medical Imaging, Main Floor<br>7000 Westminster Hwy, Richmond | 604-278-9711 |
| **Royal Columbian Hospital**<br>Medical Imaging, Columbia Tower<br>330 E. Columbia Street, New Westminster | 604-520-4640 |
| **St. Paul's Hospital**<br>Medical Imaging, 2nd Floor, Providence Building<br>1081 Burrard Street, Vancouver | 604-806-8006 |
| **Surrey Memorial Hospital**<br>Medical Imaging, 1st Floor, Lower Level<br>13750 96th Avenue, Surrey | 604-588-3308 |
| **UBC Hospital**<br>Medical Imaging, Main Floor<br>2211 Westbrook Mall, Vancouver | 604-822-7076 |
| **Vancouver General Hospital**<br>GI/GU Department, Jim Pattison Pavilion<br>Station 5, Ground Floor<br>855 West 12th Avenue, Vancouver | 604-875-4111<br>Ext 68612 |

**ਹੈਲਥਲਿੰਕ ਬੀ ਸੀ** **8-1-1**

ਜੇ ਤੁਹਾਡੇ ਮਨ ਵਿਚ ਕੋਈ ਸਵਾਲ ਜਾਂ ਫਿਕਰ ਹੋਣ ਤਾਂ ਕਿਸੇ ਸਮੇਂ ਵੀ ਫੋਨ ਕਰੋ। ਹੈਲਥਲਿੰਕ ਬੀ ਸੀ 24 ਘੰਟੇ ਖੁਲ੍ਹਾ ਹੁੰਦਾ ਹੈ।

130 ਜ਼ਬਾਨਾਂ ਵਿਚ ਉਪਲਬਧ ਹੈ। ਦੋਭਾਸ਼ੀਏ ਲਈ, ਅੰਗਰੇਜ਼ੀ ਵਿਚ ਆਪਣੀ ਜ਼ਬਾਨ ਦਾ ਨਾਂ ਲਉ। ਦੋਭਾਸ਼ੀਏ ਦੇ ਫੋਨ ’ਤੇ ਆਉਣ ਤੱਕ ਉਡੀਕ ਕਰੋ।

www.fraserhealth.ca – www.vch.ca

ਇਹ ਜਾਣਕਾਰੀ ਤੁਹਾਡੇ ਡਾਕਟਰ ਵਲੋਂ ਤੁਹਾਨੂੰ ਦਿੱਤੀ ਗਈ ਸਲਾਹ ਦੀ ਥਾਂ ਨਹੀਂ ਲੈਂਦੀ।

October 2015 FH Catalogue # 264676 Punjabi
VCH Catalogue # FA.200.T86.PU

Punjabi

# ਟਨਲਡ ਹੀਮੋਡਾਇਆਲੇਸਿਸ ਕੈਥੇਟਰ

# Tunnelled Hemodialysis Catheter



ਪੈਰਵੀ ਲਈ ਹਿਦਾਇਤਾਂ/ਅਪੌਇੰਟਮੈਂਟ:

## ਟਨਲਡ ਹੀਮੋਡਾਇਆਲੇਸਿਸ ਕੈਥੇਟਰ ਕੀ ਹੈ?

ਇਹ ਇਕ ਖਾਸ ਇੰਟਰਾਵੀਨਸ ਨਾਲੀ ਹੈ ਜੋ ਕਿ ਧੌਣ ਜਾਂ ਛਾਤੀ ਦੇ ਉਪਰਲੇ ਹਿੱਸੇ ਵਿਚਲੀ ਵੱਡੀ ਨਾੜ (ਵੇਨ) ਵਿਚ ਚਮੜੀ ਦੇ ਥੱਲੇ ਪਾਈ ਜਾਂਦੀ ਹੈ। ਇਸ ਨਾਲੀ ਨੂੰ ਕਦੇ ਕਦੇ ਪਰਮਕੈਥ ਵੀ ਆਖਿਆ ਜਾਂਦਾ ਹੈ।

ਆਮ ਤੌਰ ’ਤੇ ਇਹ ਉਨ੍ਹਾਂ ਲੋਕਾਂ ਲਈ ਵਰਤਿਆ ਜਾਂਦਾ ਹੈ ਜਿਨ੍ਹਾਂ ਦਾ ਨੇਮ ਨਾਲ ਖੂਨ ਬਦਲਣ (ਬਲੱਡ ਟ੍ਰਾਂਸਫਿਊਜ਼ਨ) ਦੀ ਲੋੜ ਹੁੰਦੀ ਹੈ ਜਾਂ ਜਿਨ੍ਹਾਂ ਦੇ ਗੁਰਦੇ ਫੇਲ੍ਹ ਹੋ ਗਏ ਹਨ ਅਤੇ ਉਨ੍ਹਾਂ ਨੂੰ ਹੀਮੋਡਾਇਆਲੇਸਿਸ ਦੀ ਲੋੜ ਹੈ। ਡਾਇਆਲੇਸਿਸ ਦੀ ਨਾਲੀ ਦੀਆਂ ਦੋ ਗਲੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਪੋਰਟਸ ਆਖਿਆ ਜਾਂਦਾ ਹੈ। ਇਹ ਪੋਰਟਸ ਹੀਮੋਡਾਇਆਲੇਸਿਸ ਲਈ ਲੋੜੀਂਦੇ ਖੂਨ ਦੀ ਤੇਜ਼ੀ ਨਾਲ ਬਦਲੀ ਕਰਦੀਆਂ ਹਨ।

ਡਾਇਆਲੇਸਿਸ ਦੀ ਨਾਲੀ ਉਦੋਂ ਤੱਕ ਲੱਗੀ ਰਹਿੰਦੀ ਹੈ ਜਦ ਤੱਕ ਇਸ ਦੀ ਲੋੜ ਹੁੰਦੀ ਹੈ (ਕੁਝ ਹਾਲਤਾਂ ਵਿਚ ਮਹੀਨਿਆਂ ਲਈ)।

## ਟਨਲਡ ਹੀਮੋਡਾਇਆਲੇਸਿਸ ਕੈਥੇਟਰ ਕੌਣ ਕਰਦਾ ਹੈ?

ਇਹ ਇਕ ਰੇਡੀਓਲੋਜਿਸਟ (ਡਾਕਟਰ ਜੋ ਚਿੱਤਰਾਂ ਦੀ ਸੇਧ ਨਾਲ ਪ੍ਰੋਸੀਜਰ ਕਰਨ ਦਾ ਮਾਹਰ ਹੁੰਦਾ ਹੈ) ਵਲੋਂ ਕੀਤਾ ਜਾਂਦਾ ਹੈ।

## ਕੀ ਮੈਂ ਆਪਣੇ ਨਾਲ ਕਿਸੇ ਰਿਸ਼ਤੇਦਾਰ ਜਾਂ ਦੋਸਤ ਨੂੰ ਲਿਆ ਸਕਦਾ/ਸਕਦੀ ਹਾਂ?

ਹਾਂ, ਉਹ ਤੁਹਾਡੇ ਨਾਲ ਪ੍ਰੋਸੀਜਰ ਤੋਂ ਪਹਿਲਾਂ ਅਤੇ ਬਾਅਦ ਵਿਚ ਰਹਿ ਸਕਦੇ ਹਨ। ਪਰ ਸੇਫਟੀ ਅਤੇ ਨਿਯਮਾਂ ਦੇ ਕਾਰਨਾਂ ਕਰਕੇ ਉਹ ਪ੍ਰੋਸੀਜਰ ਦੌਰਾਨ ਕਮਰੇ ਵਿਚ ਨਹੀਂ ਹੋ ਸਕਦੇ। ਅਸੀਂ ਤੁਹਾਨੂੰ ਦੱਸਾਂਗੇ ਕਿ ਪਰਿਵਾਰ ਦੇ ਮੈਂਬਰ ਕਿੱਥੇ ਉਡੀਕ ਕਰ ਸਕਦੇ ਹਨ।

**ਇਸ ਪ੍ਰੋਸੀਜ਼ਰ ਤੋਂ ਬਾਅਦ ਤੁਹਾਨੂੰ ਘਰ ਲਿਜਾਣ ਲਈ ਕਿਸੇ ‘ਜ਼ਿੰਮੇਵਾਰ ਬਾਲਗ’ ਦਾ ਪ੍ਰਬੰਧ ਕਰਨਾ ਪੈਣਾ ਹੈ।**

## ਪ੍ਰੋਸੀਜਰ ਤੋ ਪਹਿਲਾਂ ਕੀ ਹੁੰਦਾ ਹੈ?

ਸਾਡਾ ਮੈਡੀਕਲ ਇਮੇਜਿੰਗ ਡਿਪਾਰਟਮੈਂਟ ਖਾਸ ਹਿਦਾਇਤਾਂ ਬਾਰੇ ਦੱਸਣ ਲਈ ਤੁਹਾਡੇ ਨਾਲ ਸੰਪਰਕ ਕਰਦਾ ਹੈ ਕਿ ਇਸ ਪ੍ਰੋਸੀਜਰ ਲਈ ਕਿਵੇਂ ਤਿਆਰ ਹੋਣਾ ਹੈ।

## ਇਸ ਨੂੰ ਕਿੰਨਾ ਸਮਾਂ ਲੱਗੇਗਾ?

ਪ੍ਰੋਸੀਜਰ ਲਈ ਆਮ ਤੌਰ ’ਤੇ 45 ਮਿੰਟਾਂ ਤੋਂ 1 ਘੰਟਾ ਲੱਗਦਾ ਹੈ ਅਤੇ ਰਿਕਵਰ ਹੋਣ ਨੂੰ 4 ਘੰਟੇ ਤੱਕ ਲੱਗਦੇ ਹਨ। ਹਸਪਤਾਲ ਵਿਚ ਘੱਟੋ ਘੱਟ 4 ਤੋਂ 5 ਘੰਟੇ ਰਹਿਣ ਦੀ ਪਲੈਨ ਬਣਾਉ।

## ਪ੍ਰੋਸੀਜਰ ਦੌਰਾਨ ਕੀ ਹੁੰਦਾ ਹੈ?

- ਅਸੀਂ ਤੁਹਾਡੀ ਇਕ ਬਾਂਹ ਵਿਚ ਇੰਟਰਾਵੀਨਸ ਸ਼ੁਰੂ ਕਰਦੇ ਹਾਂ ਤਾਂ ਜੋ ਅਸੀਂ ਤੁਹਾਨੂੰ ਦਰਦ ਤੋਂ ਅਤੇ ਹੋਰ ਦਵਾਈਆਂ ਦੇ ਸਕੀਏ ਜਿਨ੍ਹਾਂ ਦੀ ਪ੍ਰੋਸੀਜਰ ਦੌਰਾਨ ਤੁਹਾਨੂੰ ਲੋੜ ਹੋ ਸਕਦੀ ਹੈ।
- ਅਸੀਂ ਤੁਹਾਡੀ ਧੌਣ ਅਤੇ ਛਾਤੀ ਨੂੰ ਸਾਫ ਕਰਦੇ ਹਾਂ, ਫਿਰ ਅਸੀਂ ਇਨ੍ਹਾਂ ਨੂੰ ਰੋਗਾਣੂ-ਰਹਿਤ ਕੱਪੜੇ ਨਾਲ ਕਵਰ ਕਰਦੇ ਹਾਂ।
- ਰੇਡੀਓਲੋਜਿਸਟ ਉਸ ਥਾਂ ਨੂੰ ‘ਫਰੀਜ਼’ ਕਰਨ ਲਈ ਸੁੰਨ ਕਰਨ ਵਾਲੀ ਦਵਾਈ ਦਾ ਟੀਕਾ ਲਾਉਂਦਾ ਹੈ ਜਿੱਥੇ ਡਾਇਆਲੇਸਿਸ ਦੀ ਨਾਲੀ ਚਮੜੀ ਵਿਚ ਜਾਣੀ ਹੈ।
- ਰੇਡੀਓਲੋਜਿਸਟ ਚਮੜੀ ਵਿਚ ਇਕ ਛੋਟਾ ਕੱਟ ਲਾਉਂਦਾ ਹੈ। ਫਿਰ ਡਾਇਆਲੇਸਿਸ ਦੀ ਨਾਲੀ ਨੂੰ ਅਲਟਰਾਸਾਊਂਡ ਅਤੇ ਫਲੋਰੋਸਕਪੀ ਦੀ ਵਰਤੋਂ ਨਾਲ ਨਾੜੀ ਵਿਚ ਸੇਧ ਦਿੱਤੀ ਜਾਂਦੀ ਹੈ।
- ਸਹੀ ਥਾਂ ’ਤੇ ਜਾਣ ’ਤੇ, ਡਾਇਆਲੇਸਿਸ ਦੀ ਨਾਲੀ ਨੂੰ ਆਮ ਤੌਰ ’ਤੇ ਦੋ ਜਾਂ ਤਿੰਨ ਟਾਂਕਿਆਂ ਨਾਲ ਪੱਕਾ ਕਰ ਦਿੱਤਾ ਜਾਂਦਾ ਹੈ।
- ਅਸੀਂ ਉਸ ਥਾਂ ’ਤੇ ਬੈਂਡੇਜ ਲਾਉਂਦੇ ਹਾਂ ਜਿੱਥੇ ਡਾਇਆਲੇਸਿਸ ਦੀ ਨਾਲੀ ਚਮੜੀ ਵਿਚ ਦਾਖਲ ਹੁੰਦੀ ਹੈ।

## ਕੀ ਦੁੱਖ ਲੱਗਦਾ ਹੈ?

ਸੁੰਨ ਕਰਨ ਵਾਲੀ ਦਵਾਈ ਦਾ ਟੀਕਾ ਲਾਉਣ ਵੇਲੇ ਡੰਗ ਲੱਗਦਾ ਜਾਂ ਸਾੜ ਪੈਂਦਾ ਮਹਿਸੂਸ ਹੋ ਸਕਦਾ ਹੈ। ਡਾਇਆਲੇਸਿਸ ਦੀ ਨਾਲੀ ਪਾਏ ਜਾਣ ਵੇਲੇ ਤੁਸੀਂ ਕੁਝ ਪਰੈਸ਼ਰ ਵੀ ਮਹਿਸੂਸ ਕਰ ਸਕਦੇ ਹੋ। ਜੇ ਤੁਹਾਡੇ ਦਰਦ ਹੋ ਰਹੀ ਹੋਵੇ ਤਾਂ ਸਾਨੂੰ ਦੱਸੋ ਤਾਂ ਜੋ ਅਸੀਂ ਤੁਹਾਨੂੰ ਦਰਦ ਦੀ ਦਵਾਈ ਦੇ ਸਕੀਏ।

## ਕੀ ਕੋਈ ਖਤਰੇ ਜਾਂ ਸਮੱਸਿਆਵਾਂ ਹਨ?

ਜਦੋਂ ਵੀ ਚਮੜੀ ਵਿਚ ਛੇਕ ਕੀਤਾ ਜਾਂਦਾ ਹੈ ਜਾਂ ਕੱਟ ਲਾਇਆ ਜਾਂਦਾ ਹੈ ਤਾਂ ਇਨਫੈਕਸ਼ਨ ਹੋਣ ਦਾ ਖਤਰਾ ਹੁੰਦਾ ਹੈ। ਇਕ ਹੋਰ ਸੰਭਵ ਸਮੱਸਿਆ ਉਸ ਥਾਂ ਤੋਂ ਬਲੀਡਿੰਗ ਹੋਣਾ ਹੈ।

## ਇਸ ਤੋਂ ਬਾਅਦ ਕੀ ਹੁੰਦਾ ਹੈ?

ਅਸੀਂ ਤੁਹਾਨੂੰ ਰਿਕਵਰੀ ਏਰੀਏ ਵਿਚ ਲਿਜਾਂਦੇ ਹਾਂ ਜਿੱਥੇ ਤੁਹਾਡੀ ਦੇਖਭਾਲ ਇਕ ਨਰਸ ਵਲੋਂ ਕੀਤੀ ਜਾਂਦੀ ਹੈ। ਇਸ ਸਮੇਂ ਦੌਰਾਨ ਨਰਸ ਤੁਹਾਡਾ ਬਲੱਡ ਪਰੈਸ਼ਰ, ਤੁਹਾਡੇ ਦਿਲ ਦੇ ਧੜਕਣ ਦੀ ਦਰ, ਸਾਹ, ਅਤੇ ਡਾਇਆਲੇਸਿਸ ਦੀ ਨਾਲੀ ਵਾਲੀ ਥਾਂ ਨੂੰ ਚੈੱਕ ਕਰਦੀ ਹੈ।

ਤੁਹਾਡੇ ਟਾਂਕੇ 7 ਤੋਂ 10 ਦਿਨਾਂ ਵਿਚ ਕੱਢਣ ਦੀ ਲੋੜ ਹੁੰਦੀ ਹੈ। ਟਾਂਕੇ ਕੌਣ ਕੱਢਦਾ ਹੈ ਅਤੇ ਬੈਂਡੇਜ (ਪੱਟੀ) ਕੌਣ ਬਦਲਦਾ ਹੈ, ਇਹ ਵਿਅਕਤੀ ਦੀ ਸਿਹਤ, ਵਿਅਕਤੀ ਦੀ ਰਿਹਾਇਸ਼ ਅਤੇ ਇਸ ਚੀਜ਼ ’ਤੇ ਨਿਰਭਰ ਕਰਦਾ ਹੈ ਕਿ ਪ੍ਰੋਸੀਜਰ ਕਿੱਥੇ ਕੀਤਾ ਗਿਆ ਸੀ।

ਬੈਂਡੇਜ ਦੀ ਬਦਲੀ ਅਤੇ ਟਾਂਕੇ ਕੱਢਣ ਦਾ ਕੰਮ ਇਨ੍ਹਾਂ ਵਲੋਂ ਕੀਤਾ ਜਾ ਸਕਦਾ ਹੈ:

- ☐ ਹੋਮ ਕੇਅਰ ਨਰਸ ਵਲੋਂ ਜੋ ਤੁਹਾਡੇ ਘਰ ਆਉਣ ਦਾ ਪ੍ਰਬੰਧ ਕਰਦੀ ਹੈ
- ☐ ਤੁਹਾਡੇ ਡਾਕਟਰ ਵਲੋਂ ਆਪਣੇ ਦਫਤਰ ਵਿਚ
- ☐ ਤੁਹਾਡੇ ਡਾਇਆਲੇਸਿਸ ਕਲੀਨਿਕ ਦੀ ਨਰਸ ਵਲੋਂ



ਦੂਜੇ ਪਾਸੇ...